## ਲਗਾਖਰ

### ਜਮਾਤ- ਦਸਵੀਂ

**ਪ੍ਰਸ਼ਨ1:-ਲਗਾਖਰ ਕੀ ਹੁੰਦੇ ਹਨ**


ਉੱਤਰ:-ਗੁਰਮੁਖੀ ਵਿੱਚ ਲਗਾਂ ਮਾਤਰਾਵਾਂ ਦੇ ਨਾਲ ਕੁਝ ਚਿੰਨ੍ਹ ਲੱਗਦੇ ਹਨ। ਇਹਨਾਂ ਚਿੰਨ੍ਹਾਂ ਨੂੰ ਲਗਾਖਰ ਕਿਹਾ ਜਾਂਦਾ ਹੈ ਜੋ ਕਿ ਤਿੰਨ ਹਨ:-

ਬਿੰਦੀ , ਟਿੱਪੀ ਤੇ ਅੱਧਕ




**ਪ੍ਰਸ਼ਨ2:- ਬਿੰਦੀ ਅਤੇ ਟਿੱਪੀ ਦੀ ਵਰਤੋਂ ਕਦੋਂ ਤੇ ਕਿਹੜੀਆਂ ਲਗਾਂ ਨਾਲ ਹੁੰਦੀ ਹੈ?**

ਉੱਤਰ:-ਇਹ ਚਿੰਨ੍ਹ ਨਾਸਿਕੀ ਸਵਰ ਧੁਨੀਆਂ ਨੂੰ ਅੰਕਿਤ ਕਰਨ ਲਈ ਵਰਤੇ ਜਾਂਦੇ ਹਨ।ਇਨ੍ਹਾਂ ਦੋਹਾਂ ਦੀ ਅਵਾਜ਼ ਵਿੱਚ ਕੋਈ ਅੰਤਰ ਨਹੀਂ ਹੈ। ਦਸ ਲਗਾਂ ਵਿੱਚੋਂ ਜਦੋਂ ਕਿਸੇ ਦਾ ਉਚਾਰਨ ਨੱਕ ਵਿੱਚ ਹੁੰਦਾ ਹੈ ਤਾਂ ਇਨ੍ਹਾਂ ਦੀ ਵਰਤੋਂ ਹੁੰਦੀ ਹੈ।ਛੇ ਲਗਾ ਨਾਲ ਬਿੰਦੀ ਅਤੇ ਚਾਰ ਨਾਲ ਟਿੱਪੀ ਦੀ ਵਰਤੋਂ ਹੁੰਦੀ ਹੈ। **ਬਿੰਦੀ** ਕੰਨਾ,ਬਿਹਾਰੀ,ਲਾਂ,ਦੁਲਾਵਾਂ,ਹੋੜਾ ਅਤੇ ਕਨੌੜਾ ਨਾਲ ਲੱਗਦੀ ਹੈ।




**ਟਿੱਪੀ** ਮੁਕਤਾ,ਸਿਹਾਰੀ,ਔਂਕੜ ਤੇ ਦੁਲੈਂਕੜ ਨਾਲ ਲੱਗਦੀ ਹੈ।




ਪ੍ਰਸ਼ਨ3:-'ਓ' ਨਾਲ ਕਿਹੜੇ ਨਾਸਿਕੀ ਚਿੰਨ੍ਹ ਦੀ ਵਰਤੋਂ ਹੁੰਦੀ ਹੈ?

ਉੱਤਰ:-'ਓ' ਨਾਲ ਔਂਕੜ,ਦੁਲੈਂਕੜ ਤੇ ਹੋੜਾ ਵਿੱਚੋਂ ਭਾਵੇਂ ਕੋਈ ਵੀ ਲਗ ਲੱਗੀ ਹੋਵੇ,ਇਸ ਨਾਲ ਨਾਸਿਕੀ ਚਿੰਨ੍ਹ ਬਿੰਦੀ ਹੀ ਲੱਗਦੀ ਹੈ; ਜਿਵੇਂ-ਉਂਗਲ,ਉਂਘੀ,ਭਿਓਂ।

ਪ੍ਰਸ਼ਨ 4:-ਅੱਧਕ ਦੀ ਵਰਤੋਂ ਕਦੋਂ ਕੀਤੀ ਜਾਂਦੀ ਹੈ?

ਉੱਤਰ:- ਇਹ ਦਬਾਅ ਜਾਂ ਬਲ ਦਾ ਚਿੰਨ੍ਹ ਹੈ।ਸ਼ਬਦ ਵਿੱਚ ਜਿਸ ਅੱਖਰ ਉੱਪਰ ਦਬਾਅ ਦੇਣਾ ਹੋਵੇ ਜਾਂ ਜਿਸ ਅੱਖਰ ਦੀ ਅਵਾਜ਼ ਨੂੰ ਦੋਹਰੀ ਪ੍ਰਗਟ ਕਰਨਾ ਹੋਵੇ,ਉਸ ਤੋਂ ਪਹਿਲੇ ਅੱਖਰ ਉੱਪਰ ਅੱਧਕ ਦਾ ਚਿੰਨ੍ਹ ਲਾਇਆ ਜਾਂਦਾ ਹੈ; ਜਿਵੇਂ- ਸੱਚ, ਹਿੱਕ, ਭੁੱਖ,ਅੱਛਾ ਆਦਿ।

ਪ੍ਰਸ਼ਨ5:- ਅੱਧਕ ਦੀ ਵਰਤੋਂ ਕਿਹੜੀ ਲਗ ਨਾਲ ਹੁੰਦੀ ਹੈ?

ਉੱਤਰ:-ਅੱਧਕ ਦੀ ਵਰਤੋਂ ਮੁਕਤਾ, ਸਿਹਾਰੀ ਤੇ ਔਂਕੜ ਨਾਲ ਹੁੰਦੀ ਹੈ, ਪਰੰਤੂ ਅੰਗਰੇਜ਼ੀ ਦੇ ਕੁੱਝ ਸ਼ਬਦ ਲਿਖਣ ਲਈ ਇਸਦੀ ਦੁਲਾਵਾਂ ਨਾਲ ਵੀ ਵਰਤੋਂ ਹੁੰਦੀ ਹੈ; ਜਿਵੇਂ- ਪੈੱਨ,ਪ੍ਰੈੱਸ ਆਦਿ।

ਪ੍ਰਸ਼ਨ6:- ਦੁੱਤ ਅੱਖਰ ਤੋਂ ਕੀ ਭਾਵ ਹੈ?

ਉੱਤਰ:- ਗੁਰਮੁਖੀ ਲਿਪੀ ਦੇ ਤਿੰਨ ਅੱਖਰ 'ਹ','ਰ','ਵ' ਅਜਿਹੇ ਅੱਖਰ ਹਨ, ਜਿਨ੍ਹਾਂ ਦੀ ਵਰਤੋਂ ਵਿਅੰਜਨ ਅੱਖਰਾਂ ਦੇ ਪੈਰਾਂ ਵਿੱਚ ਵੀ ਕੀਤੀ ਜਾਂਦੀ ਹੈ। ਇਹਨਾਂ ਅੱਖਰਾਂ ਨੂੰ ਸੰਯੁਕਤ,ਜੁੜਵੇਂ ਜਾਂ ਦੁੱਤ ਅੱਖਰ ਕਿਹਾ ਜਾਂਦਾ ਹੈ।ਇਨ੍ਹਾਂ ਦੀ ਵਰਤੋਂ ਇਸ ਪ੍ਰਕਾਰ ਹੈ- ਪ੍ਰੇਮ,ਪੜ੍ਹ ਆਦਿ।




ਪ੍ਰਸ਼ਨ7:- ਲ ਅਤੇ ਲ਼ ਵਿੱਚ ਕੀ ਅੰਤਰ ਹੈ?

ਉੱਤਰ:- 'ਲ' ਧੁਨੀ ਨੂੰ ਉਚਾਰਨ ਸਮੇਂ ਜੀਭ ਉਪਰਲੇ ਦੰਦਾਂ ਦੇ ਅੰਦਰਲੇ ਪਾਸੇ ਛੂੰਹਦੀ ਹੈ, ਪਰ 'ਲ਼' ਦੇ ਉਚਾਰਨ ਸਮੇਂ ਜੀਭ ਉਲਟ ਕੇ ਕਠੋਰ ਤਾਲੂ ਨਾਲ ਛੂੰਹਦੀ ਹੈ;ਜਿਵੇਂ-

ਜਲ-ਪਾਣੀ

ਜਲ਼-ਸੜ

ਪ੍ਰਸ਼ਨ8:- ਸੁੰਦਰ ਲਿਖਾਈ ਲਈ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ?

ਉੱਤਰ:- ਸੁੰਦਰ ਲਿਖਣ ਲਈ ਸ਼ਬਦਾਂ ਵਿੱਚ ਸਾਰੇ ਅੱਖਰਾਂ ਦਾ ਆਕਾਰ ਇੱਕੋ ਜਿਹਾ ਹੋਣਾ ਚਾਹੀਦਾ ਹੈ ਤੇ ਲਗਾਂ ਲਗਾਖਰਾਂ ਨੂੰ ਉਨ੍ਹਾਂ ਦੇ ਅਨੁਪਾਤ ਅਨੁਸਾਰ ਠੀਕ ਥਾਂਵਾਂ ਤੇ ਲਿਖਣਾ ਚਾਹੀਦਾ ਹੈ। ਇਸ ਤੋਂ ਬਿਨਾਂ ਵਾਕ ਵਿੱਚ ਸ਼ਬਦਾਂ ਦਾ ਫ਼ਰਕ ਇੱਕੋ ਜਿਹਾ ਰੱਖਣ ਦੇ ਨਾਲ-ਨਾਲ ਹਾਸ਼ੀਆ ਛੱਡਣ, ਪੈਰੇ ਬਣਾਉਣ ਤੇ ਵਿਸਰਾਮ ਚਿੰਨ੍ਹਾਂ ਦੀ ਵਰਤੋਂ ਬਾਰੇ ਵੀ ਸੁਚੇਤ ਰਹਿਣਾ ਚਾਹੀਦਾ ਹੈ।

ਤਿਆਰ ਕਰਤਾ-

ਕੁਲਦੀਪ ਕੌਰ,

ਪੰਜਾਬੀ ਅਧਿਆਪਕਾ,

ਸਹਸ ਚੋਗਾਵਾਂ,

ਅੰਮ੍ਰਿਤਸਰ।